# ਪੇਮੀ ਦੇ ਨਿਆਣੇ

ਵੀਹ ਕੁ ਸਾਲ ਪਹਿਲਾਂ ਦੀ ਗੱਲ ਹੈ, ਮੈਂ ਸੱਤ ਵਰ੍ਹੇ ਦਾ ਸੀ ਤੇ ਮੇਰੀ ਵੱਡੀ ਭੈਣ ਗਿਆਰਾਂ ਵਰ੍ਹੇ ਦੀ। ਸਾਡਾ ਖੇਤ ਘਰੋਂ ਮੀਲ ਕੁ ਦੀ ਵਿੱਥ ਤੇ ਸੀ। ਅੱਧ ਵਿਚਕਾਰ ਇਕ ਜਰਨੈਲੀ ਸੜਕ ਲੰਘਦੀ ਸੀ, ਜਿਸ ਵਿਚੋਂ ਜਾਂਗਲੀਆਂ, ਪਠਾਣਾਂ, ਰਾਸ਼ਿਆਂ ਤੇ ਹੋਰ ਪ੍ਰਦੇਸੀਆਂ ਦਾ ਕਾਫ਼ੀ ਲਾਂਘਾ ਸੀ। ਅਸੀਂ ਸਭ ਇਞਾਣੇ, ਜਿਨ੍ਹਾਂ ਨੂੰ ਰਾਸ਼ਿਆਂ ਤੋਂ ਘਰ ਬੈਠਿਆਂ ਹੀ ਡਰ ਆਉਂਦਾ ਸੀ, ਇਸ ਸੜਕ ਵਿਚੋਂ ਦੀ ਕਿਸੇ ਸਿਆਣੇ ਦੇ ਸਾਥ ਤੋਂ ਬਗ਼ੈਰ ਲੰਘਣ ਤੋਂ ਭੈ ਖਾਂਦੇ ਸਾਂ। ਪਰ ਟੰਟਾ ਇਹ ਸੀ ਕਿ ਦਿਨੇ ਇਕ-ਦੋ ਵੇਲੇ ਅਸਾਨੂੰ ਖੇਤ ਬਾਪੂ ਤੇ ਕਾਮੇ ਦੀ ਰੋਟੀ ਫੜਾਉਣ ਜ਼ਰੂਰ ਜਾਣਾ ਪੈਂਦਾ ਸੀ ਤੇ ਅਸਾਡੀ ਅਵਸਥਾ ਹਰ ਰੋਜ਼ ਇਕ ਮੁਸ਼ਕਿਲ ਖਾਈ ਲੰਘਣ ਵਾਲੀ ਹੁੰਦੀ ਸੀ।

ਅਸੀਂ ਆਮ ਤੌਰ ਤੇ ਘਰੋਂ ਤਾਂ ਹੌਂਸਲਾ ਕਰਕੇ ਇਕੱਲੇ ਹੀ ਤੁਰ ਪੈਂਦੇ, ਪਰ ਜਦ ਸੜਕ ਦੋ ਤਿੰਨ ਘੁਮਾਂ ਦੀ ਵਿੱਥ ਤੇ ਰਹਿ ਜਾਂਦੀ ਤਾਂ ਨਹਿਰ ਸੂਆ ਟੱਪਣ ਲੱਗੇ ਪਠੋਰਿਆਂ ਵਾਂਗਰ ਖਲੋ ਕੇ ਆਸੇ ਪਾਸੇ ਤੱਕਣ ਲੱਗ ਜਾਂਦੇ ਤਾਂ ਜੋ ਕਿਸੇ ਪਿੰਡੋਂ ਆਉਂਦੇ ਜਾਂਦੇ ਸਿਆਣੇ ਦੀ ਸ਼ਰਨ ਲੈ ਕੇ ਇਸ ਭੈ-ਸਾਗਰ ਨੂੰ ਤਰਨ ਜੋਗੇ ਹੋ ਜਾਈਏ।

ਅਸਾਡੀ ਮਜ਼੍ਹਬੀ ਤਰਬੀਅਤ ਵੀ ਕੁਝ ਇਸ ਕਿਸਮ ਦੀ ਸੀ ਕਿ ਅਜਿਹੇ ਡਰ ਅਸਾਡੇ ਸੁਭਾਵਾਂ ਦਾ ਹਿੱਸਾ ਬਣ ਗਏ ਸਨ। ਅਸੀਂ ਘਰ ਸਿਆਣਿਆਂ ਕੋਲੋਂ ਨਰਕ-ਸਵਰਗ ਦੀਆਂ ਕਹਾਣੀਆਂ ਹਰ ਰੋਜ਼ ਸ਼ਾਮ ਨੂੰ ਸੁਣਦੇ। ਸਵਰਗ ਤਾਂ ਅਸਾਨੂੰ ਖੇਤ ਤੋਂ ਬਾਹਰ ਕਿਤੇ ਘੱਟ ਹੀ ਪ੍ਰਾਪਤ ਹੁੰਦਾ ਪਰ ਨਰਕ ਦੇ ਹਰ ਥਾਂ ਖੁੱਲ੍ਹੇ ਗੱਫ਼ੇ ਮਿਲਦੇ। ਸਭ ਤੋਂ ਪਹਿਲਾਂ ਨਰਕ ਮਦਰਸਾ ਸੀ ਤੇ ਜੇ ਉਸ ਤੋਂ ਕਿਸੇ ਦਿਨ ਛੁੱਟ ਜਾਂਦੇ ਤਾਂ ਖੇਤ ਰੋਟੀ ਦੇਣ ਜਾਣ ਦਾ ਨਰਕ ਪੇਸ਼ ਆ ਜਾਂਦਾ। ਗੱਲ ਕੀ ਅਸਾਡੇ ਇਞਾਣੇ ਰਾਹ ਦੇ ਹਰ ਇਕ ਮੋੜ ਤੇ ਜਾਣੋ ਨਰਕ ਘਾਤ ਲਾਈ ਖਲੋਤਾ ਹੁੰਦਾ। ਖ਼ਬਰੇ ਇਸ ਸੜਕ ਦਾ ਭੈ-ਸਾਗਰ ਲੰਘਣ ਕਰਕੇ ਅਸਾਨੂੰ ਖੇਤ ਜਾਣਾ ਨਰਕ ਲਗਦਾ ਸੀ ਯਾ ਖੇਤ ਰੋਟੀ ਲੈ ਜਾਣ ਲੱਗਿਆਂ ਇਸ ਸੜਕ ਨੂੰ ਲੰਘਣਾ ਪੈਂਦਾ ਕਰਕੇ ਇਹ ਅਸਾਨੂੰ ਭੈ-ਸਾਗਰ ਦਿਖਾਈ ਦਿੰਦਾ ਸੀ, ਮੈਂ ਇਸ ਦੀ ਬਾਬਤ ਯਕੀਨ ਨਾਲ ਕੁਝ ਨਹੀਂ ਕਹਿ ਸਕਦਾ। ਇਹ ਮੈਨੂੰ ਪਤਾ ਹੈ ਕਿ ਖੇਤ ਸਵਰਗ ਸੀ ਤੇ ਖੇਤ ਜਾਣ ਦੀ ਖੇਚਲ ਨਰਕ ਅਤੇ ਉਹ ਜਰਨੈਲੀ ਸੜਕ ਵਿਚਕਾਰਲਾ ਭੈ-ਸਾਗਰ।

ਸਿਆਲ ਦੇ ਦਿਨ ਸਨ। ਅਸੀਂ ਦੋਵੇਂ ਭੈਣ-ਭਰਾ ਦੁਪਹਿਰ ਦੀ ਰੋਟੀ ਲੈ ਕਿ ਖੇਤ ਨੂੰ ਚੱਲ ਪਏ। ਨਿੱਘੀ ਧੁੱਪ ਪੈ ਰਹੀ ਸੀ ਤੇ ਅਸੀਂ ਟੁਰੇ ਜਾਂਦੇ ਵੀ ਜਾਣੋ ਸਿਆਲ ਦੀ ਧੁੱਪ ਦੀ ਨੀਂਦ ਦਾ ਨਿੱਘ ਲੈ ਰਹੇ ਸਾਂ, ਪਰ ਦਿਲ ਵਿਚ ਸੜਕ ਲੰਘਣ ਦਾ ਡਰ ਚੂਹੇ ਵਾਂਗ ਕੁਤਰ ਰਿਹਾ ਸੀ।

ਅਸੀਂ ਡਰ ਨੂੰ ਦੁਬਾਉਣ ਦਾ ਇਕ ਆਮ ਤਰੀਕਾ ਵਰਤਣਾ ਚਾਹਿਆ। ਭੈਣ ਮੈਨੂੰ ਇਕ ਕਹਾਣੀ ਸੁਣਾਉਣ ਲੱਗ ਪਈ। "ਇਕ ਸੀ ਰਾਜਾ, ਉਹਦੀ ਰਾਣੀ ਮਰ ਗਈ। ਮਰਨ ਲੱਗੀ ਰਾਣੀ ਨੇ ਰਾਜੇ ਨੂੰ ਕਿਹਾ ਕਿ ਤੂੰ ਮੈਨੂੰ ਇਕ ਕਰਾਰ ਦੇਹ। ਰਾਜੇ ਨੇ ਪੁੱਛਿਆ "ਕੀ"?

ਮੈਂ ਕਹਾਣੀ ਵਲੋਂ ਧਿਆਨ ਮੋੜ ਕੇ ਪਿਛਾਂਹ ਪਿੰਡ ਵੱਲ ਨੂੰ ਦੇਖਿਆ ਕਿ ਕਿਤੇ ਕੋਈ ਆਦਮੀ ਅਸਾਡੇ ਰਾਹ ਜਾਣ ਵਾਲਾ ਆ ਰਿਹਾ ਹੋਵੇ।

"ਤੂੰ ਸੁਣਦਾ ਨਹੀਂ, ਬੀਰ," ਭੈਣ ਨੇ ਮੋਢੇ ਨੂੰ ਹਲੂਣ ਕੇ ਆਖਿਆ।

"ਨਹੀਂ, ਮੈਂ ਸੁਣਦਾਂ," ਮੈਂ ਭਰਾਵਾਂ ਵਾਲੀ ਗੁਸਤਾਖ਼ੀ ਨਾਲ ਜਵਾਬ ਦਿੱਤਾ।

"ਅੱਛਾ, ਜਦ ਉਹ ਰਾਣੀ ਮਰਨ ਲੱਗੀ ਤਾਂ ਉਸਨੇ ਰਾਜੇ ਨੂੰ ਸੱਦ ਕੇ ਕਿਹਾ ਤੂੰ ਮੇਰੇ ਨਾਲ ਕਰਾਰ ਕਰ। ਰਾਜੇ ਨੇ ਪੁੱਛਿਆ, ਕੀ ? ਰਾਣੀ ਨੇ ਕਿਹਾ, ਤੂੰ ਹੋਰ ਵਿਆਹ ਨਾ ਕਰਾਈਂ। ਸੱਚ ਮੈਂ ਦੱਸਣਾ ਭੁੱਲਗੀ, ਰਾਣੀ ਦੇ ਦੋ ਪੁੱਤ ਤੇ ਇਕ ਧੀ ਸੀਗੇ।"

ਅਸਾਨੂੰ ਰਾਜਾ ਤੇ ਰਾਣੀ ਆਪਣੇ ਮਾਂ ਪਿਉ ਵਰਗੇ ਹੀ ਭਾਸਦੇ ਸਨ। ਜੇ ਆਸਾਡੀ ਮਾਂ ਮਰ ਜਾਏ ਤਾਂ ਅਸਾਡੇ ਪਿਉ ਨੂੰ ਵੀ ਇਹ ਬਚਨ ਦੇਣ ਲਈ ਆਖੇ–ਇਹ ਖ਼ਿਆਲ ਅਸਾਡੀ ਅਚੇਤਨਾ ਵਿਚ ਕੰਮ ਕਰ ਰਿਹਾ ਹੋਵੇਗਾ। ਮੈਨੂੰ ਉਹ ਭੈਣ ਆਪਣੀ ਭੈਣ ਲੱਗੀ ਤੇ ਦੋ ਪੁੱਤ ਮੇਰਾ ਆਪਣਾ ਆਪ।

ਮੇਰੀ ਭੈਣ ਪਿੰਡ ਵੱਲ ਦੇਖ ਰਹੀ ਸੀ। 'ਸੁਣਾ ਵੀ ਗਾਹਾਂ, ਮੈਂ ਉਸ ਨੂੰ ਪਹਿਲੀ ਤਰ੍ਹਾਂ ਖਰਵੇ ਬੋਲ ਨਾਲ ਆਖਿਆ।"

"ਰਾਣੀ ਨੇ ਕਿਹਾ, ਬਈ ਮੇਰੇ ਪੁੱਤਾਂ ਤੇ ਧੀ ਨੂੰ ਮਤੇਈ ਦੁੱਖ ਦੇਊਗੀ, ਭੈਣ ਨੇ ਹੋਰ ਵੀ ਮਿੱਠੀ ਤੇ ਹੋਰ ਵੀ ਤ੍ਰੀਮਤ ਬਣ ਕੇ ਦੱਸਿਆ। "ਏਸ ਕਰਕੇ ਓਸ ਨੇ ਰਾਜੇ ਤੋਂ ਇਹ ਕਰਾਰ ਮੰਗਿਆ।"

ਰਾਜੇ ਨੇ ਕਿਹਾ, "ਚੰਗਾ ਮੈਂ ਕਰਾਰ ਦਿੰਨਾਂ।"

ਜਿਵੇਂ ਕਿਤੇ ਇਹ ਰਾਜਾ ਇਹ ਇਕਰਾਰ ਨਾ ਦੇਂਦਾ ਤਾਂ ਰਾਣੀ ਮਰਨੋਂ ਨਾਂਹ ਕਰ ਦੇਂਦੀ।

"ਹੂੰ!"

ਭਾਵੇਂ ਅਸਾਨੂੰ ਦੋਹਾਂ ਨੂੰ ਪਤਾ ਸੀ ਕਿ ਦਿਨੇ ਕਹਾਣੀਆਂ ਪਾਉਣ ਕਰਕੇ ਰਾਹੀ ਰਾਹ ਭੁੱਲ ਜਾਂਦੇ ਹਨ, ਅਸਾਂ ਇਕ ਦੂਜੇ ਨੂੰ ਇਹ ਚੇਤਾਵਨੀ ਨਾ ਕਰਵਾਈ, ਤੇ ਇਸ ਸੂਝ ਨੂੰ ਆਪਣੇ ਦਿਲਾਂ ਤੇ ਅਸਰ ਨਾ ਕਰਨ ਦਿੱਤਾ।

"ਪਰ ਰਾਜੇ ਨੇ ਝੱਟ ਹੀ ਦੂਜਾ ਵਿਆਹ ਕਰਵਾ ਲਿਆ।"

"ਹੂੰ!"

ਪਿਛਲੇ ਮੋੜ ਤੋਂ ਅਸਾਨੂੰ ਇਕ ਆਦਮੀ ਆਉਂਦਾ ਦਿਸਿਆ। ਅਸਾਂ ਸੁੱਖ ਦਾ ਸਾਹ ਭਰਿਆ ਤੇ ਉਸ ਨੂੰ ਨਾਲ ਰਲਾਉਣ ਲਈ ਖਲੋ ਗਏ। ਅਸਾਡੀ ਬਾਤ ਵੀ ਖਲੋ ਗਈ। ਪਰ ਉਹ ਆਦਮੀ ਕਿਸੇ ਹੋਰ ਪਾਸੇ ਨੂੰ ਜਾ ਰਿਹਾ ਸੀ ਤੇ ਅਸਾਡੀ ਵੱਲ ਨਾ ਮੁੜਿਆ।

ਜਿਸ ਮੰਤਵ ਨੂੰ ਪੂਰਾ ਕਰਨ ਲਈ ਅਸਾਂ ਇਹ ਬਾਤ ਦਾ ਪਖੰਡ ਰਚਿਆ ਸੀ, ਉਹ ਪੂਰਾ ਨਾ ਹੋ ਸਕਿਆ। ਅਸਾਡਾ ਖ਼ਿਆਲ ਸੀ ਬਾਤ ਦੇ ਰੁਝੇਵੇਂ ਵਿਚ ਅਸਾਂ ਅਚੇਤ ਹੀ ਸੜਕ ਪਾਰ ਹੋ ਜਾਵਾਂਗੇ। ਪਰ ਹੁਣ ਸੜਕ ਘੁਮਾਂ ਕੁ ਦੂਰ ਰਹਿ ਗਈ ਤਾਂ ਅਸਾਡੀ ਕਹਾਣੀ ਵੀ ਠਠੰਬਰ ਕੇ ਖਲੋ ਗਈ ਤੇ ਕਿਸੇ ਸਿਆਣੇ ਸਾਥੀ ਦੇ ਮਿਲਣ ਦੀ ਆਸ ਵੀ ਟੁੱਟ ਗਈ। ਅਸੀਂ ਦੋਵੇਂ ਸਹਿਮ ਕੇ ਖਲੋ ਗਏ।

ਦਸ–ਵੀਹ ਕਦਮ ਹੋਰ ਪੁੱਟੇ ਤਾਂ ਅਸਾਡਾ ਡਰ ਹੋਰ ਵੱਧ ਗਿਆ। ਸੜਕ ਵਿਚ ਇਕ ਪਾਸੇ ਇਕ

ਕਾਲੇ ਸੂਫ਼ ਦੀ ਵਾਸਕਟ ਤੇ ਪਠਾਣਾਂ ਵਰਗੀ ਖੁੱਲ੍ਹੀ ਸਲਵਾਰ ਵਾਲਾ ਬੰਦਾ ਲੰਮਾ ਪਿਆ ਸੀ।

"ਔਹ ਦੇਖ ਬੀਬੀ! ਰਾਸ਼ਾ ਪਿਆ।"

ਉਸ ਆਦਮੀ ਨੇ ਪਾਸ ਪਰਤਿਆ।

"ਇਹ ਤਾ ਹਿਲਦੈ," ਮੇਰੀ ਭੈਣ ਨੇ ਸਹਿਮ ਕੇ ਆਖਿਆ, "ਹੁਣ ਕੀ ਕਰੀਏ?"

"ਇਹ ਆਪਾਂ ਨੂੰ ਫੜ ਲਊ?" ਮੈਂ ਪੁੱਛਿਆ।

"ਹੋਰ ਕੀ?" ਉਸ ਨੇ ਜਵਾਬ ਦਿੱਤਾ।

ਅਸੀਂ ਰਾਤ ਨੂੰ ਘਰੋਂ ਬਾਹਰ ਤਾਂ ਘੱਟ ਹੀ ਕਦੀ ਨਿਕਲੇ ਸਾਂ, ਪਰ ਇਹ ਸੁਣਿਆ ਹੋਇਆ ਸੀ ਕਿ ਜੇ ਡਰ ਲੱਗੇ ਤਾਂ ਵਾਹਿਗੁਰੂ ਦਾ ਨਾਉਂ ਲੈਣਾ ਚਾਹੀਦਾ ਹੈ। ਫੇਰ ਡਰ ਹਟ ਜਾਂਦਾ ਹੈ। ਅਸਾਡੀ ਮਾਂ ਅਸਾਂ ਨੂੰ ਮਾਮੇ ਦੀ ਗੱਲ ਸੁਣਾਉਂਦੀ ਹੁੰਦੀ ਸੀ। ਇਕ ਵਾਰ ਅਸਾਡਾ ਮਾਮਾ ਤੇ ਇਕ ਬ੍ਰਾਹਮਣ ਕਿਤੇ ਰਾਤ ਨੂੰ ਕਿਸੇ ਪਿੰਡ ਦੇ ਸਿਵਿਆਂ ਵਿਚੋਂ ਲੰਘ ਰਹੇ ਸਨ ਕਿ ਉਨ੍ਹਾਂ ਦੇ ਪੈਰਾਂ ਵਿਚ ਵੱਡੇ ਦਗਦੇ ਅੰਗਿਆਰ ਡਿੱਗਣ ਲੱਗ ਪਏ। ਬ੍ਰਾਹਮਣ ਨੇ ਅਸਾਡੇ ਮਾਮੇ ਨੂੰ ਪੁੱਛਿਆ, ਕੀ ਕਰੀਏ?" ਉਸ ਨੇ ਕਿਹਾ, "ਪੰਡਤ ਜੀ, ਰੱਬ-ਰੱਬ ਕਰੋ।" ਅਸਾਡਾ ਮਾਮਾ ਵਾਹਿਗੁਰੂ-ਵਾਹਿਗੁਰੂ ਕਰਨ ਲੱਗ ਪਿਆ, ਪੰਡਤ ਰਾਮ-ਰਾਮ। ਅੰਗਿਆਰ ਡਿੱਗਦੇ ਰਹੇ ਪਰ ਉਨ੍ਹਾਂ ਤੋਂ ਦੂਰ। ਅਸਾਨੂੰ ਇਸ ਗੱਲ ਕਰਕੇ ਆਪਣੇ ਮਾਮੇ ਤੇ ਬੜਾ ਮਾਣ ਸੀ।

"ਆਪਾਂ ਵਾਹਿਗੁਰੂ-ਵਾਹਿਗੁਰੂ ਕਰੀਏ," ਮੈਂ ਦੱਸਿਆ।

"ਵਾਹਿਗੁਰੂ ਤੋਂ ਭੂਤ ਪ੍ਰੇਤ ਈ ਡਰਦੇ ਨੇ, ਆਦਮੀ ਨੀ ਡਰਦੇ," ਮੇਰੀ ਭੈਣ ਨੇ ਕਿਹਾ।

ਮੈਂ ਮੰਨ ਗਿਆ। ਸੜਕ ਵਿਚ ਪਿਆ ਰਾਸ਼ਾ ਤਾਂ ਆਦਮੀ ਸੀ, ਉਹ ਰੱਬ ਤੋਂ ਕਿੱਥੇ ਡਰਨ ਲੱਗਾ ਸੀ?

"ਤਾਂ ਫੇਰ ਹੁਣ ਕੀ ਕਰੀਏ?"

ਅਸੀਂ ਪੰਜ-ਸੱਤ ਮਿੰਟ ਸਹਿਮੇ ਖਲੋਤੇ ਰਹੇ। ਹਾਲੇ ਵੀ ਅਸਾਡੇ ਦਿਲਾਂ ਵਿਚ ਆਸ ਸੀ ਕਿ ਕੋਈ ਆਦਮੀ ਇਸ ਰਾਸ਼ੇ ਆਦਮੀ ਨੂੰ ਡਰਾਉਣ ਵਾਲਾ ਅਸਾਡੇ ਨਾਲ ਆ ਮਿਲੇਗਾ। ਪਰ ਇਹ ਆਸ ਪੂਰੀ ਹੁੰਦੀ ਨਾ ਦਿਸੀ।

ਅਸੀਂ ਇਕ ਦੂਜੇ ਦੇ ਮੂੰਹ ਵੱਲ ਤੱਕਦੇ ਰਹੇ ਪਰ ਮੈਨੂੰ ਯਾਦ ਹੈ ਕਿ ਅਸੀਂ ਉਸ ਵੇਲੇ ਇਕ ਦੂਸਰੇ ਦੇ ਚਿਹਰਿਆਂ ਵਿਚ ਕੁਝ ਲੱਭ ਨਹੀਂ ਸਾਂ ਸਕਦੇ। ਅਸਾਡਾ ਭਰੱਪਣ, ਅਸਾਡੀ ਏਕਤਾ ਕਿਸੇ ਦੀਰਘ ਡੂੰਘਾਈ ਵਿਚ ਰਹਿੰਦੀ ਸੀ। ਕੁਝ ਮਿੰਟਾਂ ਬਾਅਦ ਮੇਰਾ ਰੋਣ ਨਿਕਲ ਪਿਆ।

ਮੇਰੀ ਭੈਣ ਨੇ ਪੱਲੇ ਨਾਲ ਮੇਰੇ ਅੱਥਰੂ ਪੂੰਝਦਿਆਂ ਆਖਿਆ, "ਨਾ ਬੀਰ, ਰੋਨਾ ਕਿਉਂ ਐਂ, ਆਪਾਂ ਐਥੇ ਖੜ੍ਹੋਨੇ ਆਂ, ਹੁਣੇ ਪਿੰਡੋਂ ਕੋਈ ਆ ਜਾਊ।"

ਮੈਂ ਚੁੱਪ ਕਰ ਗਿਆ।

ਅਸਾਂ ਕੁਝ ਕਦਮ ਸੜਕ ਵੱਲ ਪੁੱਟੇ ਫੇਰ ਖਲੋ ਗਏ ਤੇ ਫੇਰ ਉਹ ਹੀ ਪੰਜ ਕਦਮ ਮੁੜ ਆਏ।

ਅੰਤ ਮੇਰੀ ਭੈਣ ਨੇ ਕੁਝ ਵਿਚਾਰ ਬਾਅਦ ਕਿਹਾ, "ਆਪਾਂ ਕਹਾਂਗੇ ਅਸੀਂ ਤਾਂ ਪੇਮੀ ਦੇ ਨਿਆਣੇ

ਆਂ, ਸਾਨੂੰ ਨਾ ਫੜ।"

ਉਸ ਦੇ ਮੂੰਹ ਵਿਚੋਂ ਪੇਮੀ ਸ਼ਬਦ ਬਹੁਤ ਮਿੱਠਾ ਨਿਕਲਦਾ ਹੁੰਦਾ ਸੀ ਤੇ ਹੁਣ ਤਾਂ ਜਦ ਉਹ ਮੇਰੇ ਵੱਲ ਝੁਕ ਕੇ ਮੈਨੂੰ ਤੇ ਆਪਣੇ ਆਪ ਨੂੰ ਦਿਲਾਸਾ ਦੇ ਰਹੀ ਸੀ, ਉਹ ਖ਼ੁਦ ਪੇਮੀ ਬਣੀ ਹੋਈ ਸੀ।

ਮੇਰੇ ਦਿਲ ਨੂੰ ਢਾਰਸ ਬੱਝ ਗਈ। ਰਾਸ਼ੇ ਨੂੰ ਜਦ ਪਤਾ ਲੱਗੂ ਕਿ ਅਸੀਂ ਪੇਮੀ ਦੇ ਨਿਆਣੇ ਹਾਂ ਤਾਂ ਉਹ ਅਸਾਂ ਨੂੰ ਕੁਝ ਨਹੀਂ ਆਖੇਗਾ, ਨਹੀਂ ਫੜੇਗਾ।

ਜਿਵੇਂ ਕੰਬਦਾ ਹਿਰਦਾ ਤੇ ਥਿੜਕਦੇ ਪੈਰ ਰੱਬ-ਰੱਬ ਕਰਦੇ ਸ਼ਮਸ਼ਾਨ ਭੂਮੀ ਵਿਚੋਂ ਗੁਜ਼ਰ ਜਾਂਦੇ ਹਨ, ਜਿਵੇਂ ਹਿੰਦੂ ਗਊ ਦੀ ਪੂਛ ਫੜ ਕੇ ਭਵ ਸਾਗਰ ਤਰ ਜਾਂਦਾ ਹੈ, ਅਸੀਂ ਪੇਮੀ ਦਾ ਨਾਉਂ ਲੈ ਕੇ ਸੜਕ ਪਾਰ ਹੋ ਗਏ। ਰਾਸ਼ਾ ਉੱਤੇ ਤਰ੍ਹਾਂ ਉਥੇ ਹੀ ਪਿਆ ਰਿਹਾ।

## ਅਭਿਆਸ-ਪ੍ਰਸ਼ਨ

1. ਲੇਖਕ ਤੇ ਉਸਦੀ ਭੈਣ ਨੂੰ ਜਰਨੈਲੀ ਸੜਕ ਭੈ-ਸਾਗਰ ਕਿਉਂ ਲੱਗਦੀ ਸੀ ?
2. ਜੇਕਰ ਲੇਖਕ ਲਈ ਖੇਤ ਸਵਰਗ ਸੀ ਤਾਂ ਉਸ ਲਈ ਨਰਕ ਕਿਹੜੀ-ਕਿਹੜੀ ਜਗ੍ਹਾ ਤੇ ਮੌਜੂਦ ਰਹਿੰਦਾ ਸੀ ?
3. ਜਰਨੈਲੀ ਸੜਕ ਲੰਘਣ ਦੇ ਡਰ ਨੂੰ ਦਬਾਉਣ ਲਈ ਉਹਨਾਂ ਨੇ ਕਿਹੜਾ ਤਰੀਕਾ ਵਰਤਣਾ ਚਾਹਿਆ ?
4. ਲੇਖਕ ਦੀ ਮਾਂ ਡਰ ਹਟਾਉਣ ਲਈ ਉਹਨਾਂ ਨੂੰ ਮਾਮੇ ਦੀ ਕਿਹੜੀ ਗੱਲ ਸੁਣਾਉਂਦੀ ਹੁੰਦੀ ਸੀ ?
5. ਅੰਤ ਨੂੰ ਲੇਖਕ ਤੇ ਉਸਦੀ ਭੈਣ ਨੇ ਸੜਕ ਕਿਵੇਂ ਪਾਰ ਕੀਤੀ ?
6. 'ਪੇਮੀ ਦੇ ਨਿਆਣੇ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ?

# ਸੰਤੋਖ ਸਿੰਘ ਧੀਰ

ਸੰਤੋਖ ਸਿੰਘ ਧੀਰ ਪੰਜਾਬੀ ਕਹਾਣੀ ਵਿਚ ਸਥਾਪਤ ਨਾਂ ਹੈ। ਉਸ ਦੀਆਂ ਕਹਾਣੀਆਂ ਹਾਸ਼ੀਆਗਤ ਸ਼੍ਰੇਣੀ ਦੀਆਂ ਤ੍ਰਾਸਦਕ ਸਥਿਤੀਆਂ ਨੂੰ ਵਿਸ਼ੇਸ਼ ਅਰਥਾਂ 'ਚ ਪ੍ਰਗਟਾਉਂਦੀਆਂ ਹਨ। ਗਰੀਬ, ਮਜ਼ਦੂਰ, ਦਲਿਤ ਸ਼੍ਰੇਣੀ ਦੀ ਹੋਣੀ ਨੂੰ ਜਿਸ ਤਰ੍ਹਾਂ ਧੀਰ ਨੇ ਪੇਸ਼ ਕੀਤਾ ਹੈ, ਸ਼ਾਇਦ ਹੀ ਹੋਰ ਕੋਈ ਕਹਾਣੀਕਾਰ ਉਸ ਦੇ ਤੁਲ ਬੈਠਦਾ ਹੋਵੇ। 'ਕੋਈ ਇਕ ਸਵਾਰ' ਵਰਗੀ ਕਹਾਣੀ ਇਸ ਦਾ ਪੁਖਤਾ ਪ੍ਰਮਾਣ ਹੈ। ਉਸਦੀ ਇਹ ਕਹਾਣੀ ਪਾਠਕ ਦੇ ਮਨ ਦੀ ਅੰਦਰਲੀ ਤਹਿ, ਤੱਕ ਅਸਰ ਕਰਦੀ ਹੈ।

ਸੰਤੋਖ ਸਿੰਘ ਧੀਰ ਦਾ ਜਨਮ 2 ਦਸੰਬਰ 1920 ਈ. ਵਿਚ ਬੱਸੀ ਪਠਾਣਾ, ਜਿਲ੍ਹਾ ਪਟਿਆਲਾ ਵਿਖੇ ਈਸ਼ਰ ਸਿੰਘ ਦਰਦ ਦੇ ਘਰ ਹੋਇਆ। ਉਸ ਨੇ ਦਸਵੀਂ ਤੇ ਗਿਆਨੀ ਤੱਕ ਦੀ ਵਿੱਦਿਆ ਹਾਸਲ ਕਰਨ ਉਪਰੰਤ ਪਿਤਾ ਪੁਰਖੀ ਕਿੱਤੇ ਦੇ ਨਾਲ-ਨਾਲ ਸੁਤੰਤਰ ਲੇਖਣੀ ਨੂੰ ਆਪਣੀ ਜੀਵਨ-ਸ਼ੈਲੀ ਦਾ ਹਿੱਸਾ ਬਣਾਇਆ। ਧੀਰ ਨੇ ਕਾਵਿ, ਨਾਵਲ, ਅਨੁਵਾਦਕ, ਸੰਪਾਦਕ ਆਦਿ ਪੱਖੋਂ ਆਪਣੀ ਕਲਮ ਅਜ਼ਮਾਈ। ਕਹਾਣੀ ਰਚਨਾ ਖੇਤਰ ਵਿਚ ਉਸ ਨੇ ਚੰਗਾ ਨਾਮਣਾ ਖੱਟਿਆ ਹੈ। ਇਸ ਦਾ ਸਬੂਤ 'ਪੱਖੀ' ਕਹਾਣੀ ਸੰਗ੍ਰਿਹ ਦਾ ਭਾਰਤੀ ਸਾਹਿਤ ਅਕਾਦਮੀ ਵੱਲੋਂ ਪੁਰਸਕ੍ਰਿਤ ਹੋਣਾ ਹੈ। ਉਸ ਦੀ ਮੌਤ 8 ਫ਼ਰਵਰੀ 2010 ਨੂੰ ਹੋਈ।

'ਸਿੱਟਿਆਂ ਦੀ ਛਾਂ', 'ਸਵੇਰ ਹੋਣ ਤੱਕ', 'ਸਾਂਝੀ ਕੰਧ', 'ਸ਼ਰਾਬ ਦਾ ਗਲਾਸ', 'ਪੱਖੀ' ਆਦਿ ਉਸ ਦੁਆਰਾ ਰਚਿਤ ਕਹਾਣੀ ਸੰਗ੍ਰਹਿ ਹਨ। ਉਸਦੀ ਰਚਨਾ ਦ੍ਰਿਸ਼ਟੀ ਪ੍ਰਗਤੀਵਾਦੀ ਹੋਣ ਕਰਕੇ ਉਸਨੇ ਆਰਥਕ ਸਮਾਜਕ ਵਿਤਕਰੇਬਾਜ਼ੀ ਨੂੰ ਆਪਣੀਆਂ ਕਹਾਣੀਆਂ ਵਿਚ ਪੂਰੀ ਸ਼ਿੱਦਤ ਨਾਲ ਪੇਸ਼ ਕੀਤਾ।